ਦੀਵਾਲੀ ਵਿਸ਼ੇਸ਼ ਅੰਕ

# ਅਜੀਤ

ਸੋਮਵਾਰ, 20 ਅਕਤੂਬਰ, 2025




ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਵਾਲੀ ਮੌਕੇ ਕੀਤੀ ਗਈ ਦੀਪਮਾਲਾ ਦਾ ਅਲੌਕਿਕ ਦ੍ਰਿਸ਼।

## ਬੰਦੀ ਛੋੜ ਦਿਵਸ ਦਾ ਇਤਿਹਾਸਕ ਮਹੱਤਵ

**ਸਿੱਖ** ਕੌਮ ਦੇ ਨਿਰਾਲੇ ਇਤਿਹਾਸ ਨੂੰ ਬਿਆਨ ਕਰਦਾ ਬੰਦੀ ਛੋੜ ਦਿਵਸ ਕੌਮ ਵਲੋਂ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਂਦਾ ਹੈ। ਬੰਦੀ ਛੋੜ ਦਿਹਾੜੇ ਦਾ ਸੰਬੰਧ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਜੁੜਦਾ ਹੈ। ਛੇਵੇਂ ਪਾਤਿਸ਼ਾਹ ਆਪਣੇ ਨਾਲ 52 ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਅ ਕਰਵਾਉਣ ਮਗਰੋਂ ਇਸ ਦਿਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਪਹੁੰਚੇ ਸਨ, ਜਿਸ 'ਤੇ ਸੰਗਤਾਂ ਨੇ ਘਿਓ ਦੇ ਦੀਵੇ ਬਾਲ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਸੀ। ਇਹ ਪਰੰਪਰਾ ਅੱਜ ਵੀ ਨਿਰੰਤਰ ਜਾਰੀ ਹੈ। ਬੰਦੀ ਛੋੜ ਦਿਵਸ ਮੌਕੇ ਦੇਸ਼-ਵਿਦੇਸ਼ ਦੀਆਂ ਲੱਖਾਂ ਸੰਗਤਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕਰਦੀਆਂ ਹਨ। ਬੰਦੀ ਛੋੜ ਦੇ ਇਤਿਹਾਸ ਨੇ ਹੱਕ, ਸੱਚ ਅਤੇ ਇਨਸਾਫ਼ ਦੀ ਇਕ ਵੱਡੀ ਉਦਾਹਰਨ ਪੇਸ਼ ਕੀਤੀ ਜੋ ਦੁਨੀਆ ਅੰਦਰ ਹੋਰ ਕਿਧਰੇ ਨਹੀਂ ਮਿਲਦੀ।

ਸਮੇਂ ਦੀਆਂ ਹਕੂਮਤਾਂ ਅਕਸਰ ਮਨੁੱਖੀ ਹੱਕਾਂ ਨੂੰ ਦਬਾਉਣ ਦਾ ਯਤਨ ਕਰਦੀਆਂ ਰਹੀਆਂ ਹਨ। ਗੁਰੂ ਸਾਹਿਬਾਨ ਦੇ ਸਮੇਂ ਵੀ ਹਕੂਮਤਾਂ ਦਾ ਜਬਰ ਸਿਖ਼ਰ 'ਤੇ ਸੀ, ਜਿਸ ਦੇ ਵਿਰੁੱਧ ਗੁਰੂ ਸਾਹਿਬਾਨ ਨੇ ਆਵਾਜ਼ ਬੁਲੰਦ ਕੀਤੀ। ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵੀ ਹੱਕ-ਸੱਚ ਦੀ ਆਵਾਜ਼ ਨੂੰ ਬੁਲੰਦ ਕਰਦਿਆਂ ਹੋਈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਹਕੂਮਤ ਦੇ ਜ਼ੁਲਮ ਨਾਲ ਨਜਿੱਠਣ ਲਈ ਛੇਵੇਂ ਪਾਤਿਸ਼ਾਹ ਨੇ ਸਿੱਖ ਕੌਮ ਨੂੰ ਸ਼ਸਤਰਧਾਰੀ ਹੋਣ ਲਈ ਪ੍ਰੇਰਦਿਆਂ ਘੋੜ ਸਵਾਰੀ ਅਤੇ ਯੁੱਧ ਕਲਾ ਵਿਚ ਨਿਪੁੰਨ ਹੋਣ ਦਾ ਸੰਦੇਸ਼ ਦਿੱਤਾ। ਇਸ ਦੇ ਨਾਲ ਹੀ ਆਜ਼ਾਦ ਹੋਂਦ ਹਸਤੀ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ।

ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਜ਼ਾਦਾਨਾ ਤੇ ਬੁਲੰਦ ਸ਼ਖ਼ਸੀਅਤ ਸਮੇਂ ਦੀ ਹਕੂਮਤ ਨੂੰ ਰੜਕਣ ਲਗੀ। ਇਸ ਦੇ ਨਾਲ ਹੀ ਗੁਰੂ ਘਰ ਦੇ ਦੋਖੀਆਂ ਨੇ ਵੀ ਹਕੂਮਤ ਦੇ ਕੰਨ ਭਰੇ। ਬਾਦਸ਼ਾਹ ਜਹਾਂਗੀਰ ਨੇ ਕਪਟੀ ਚਾਲਾਂ ਚਲਦਿਆਂ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਲਿਆ। ਇਸ ਕਿਲ੍ਹੇ ਵਿਚ ਜਹਾਂਗੀਰ ਨੇ ਵੱਖ-ਵੱਖ ਰਿਆਸਤਾਂ ਦੇ 52 ਰਾਜਿਆਂ ਨੂੰ ਵੀ ਕੈਦ ਰੱਖਿਆ ਹੋਇਆ ਸੀ। ਇਹ ਰਾਜੇ ਆਪਣੀ ਆਜ਼ਾਦੀ ਦਾ ਵਿਚਾਰ ਤਿਆਗ ਕੇ ਘੋਰ ਨਿਰਾਸ਼ਾ ਵਿਚ ਜਾ ਚੁੱਕੇ ਸਨ। ਗੁਰੂ ਸਾਹਿਬ ਦੀ ਸੰਗਤ ਦਾ ਇਨ੍ਹਾਂ ਬੰਦੀ ਰਾਜਿਆਂ ਦੇ ਮਨਾਂ 'ਤੇ ਬਹੁਤ ਚੰਗਾ ਅਸਰ ਹੋਇਆ ਅਤੇ ਉਨ੍ਹਾਂ ਅੰਦਰ ਆਸ ਦੀ ਕਿਰਨ ਜਾਗ ਉੱਠੀ। ਇਸ ਦੇ ਨਾਲ ਹੀ ਗੁਰੂ ਸਾਹਿਬ ਨੂੰ ਕਿਲ੍ਹੇ ਵਿਚ ਬੰਦੀ ਬਣਾਉਣ ਕਰ ਕੇ ਸਿੱਖ ਸੰਗਤਾਂ ਦੇ ਮਨਾਂ ਵਿਚ ਵੀ ਭਾਰੀ ਰੋਸ ਸੀ, ਜਿਸ ਨੂੰ ਵੇਖਦਿਆਂ ਹਕੂਮਤ ਨੂੰ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਐਲਾਨ ਕਰਨਾ ਪਿਆ। ਗੁਰੂ ਸਾਹਿਬ ਨੇ ਆਪਣੇ ਨਾਲ ਬੰਦੀ ਰਾਜਿਆਂ ਦੀ ਰਿਹਾਈ ਲਈ ਹਕੂਮਤ ਨੂੰ (ਬਾਕੀ ਸਫ਼ਾ ii 'ਤੇ)



52 ਰਾਜਿਆਂ ਨਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਤੋਂ ਬਾਹਰ ਆਉਂਦੇ ਹੋਏ। ਚਿੱਤਰ : ਬਿਮਲ



ਐਡਵੋਕੇਟ ਹਰਜਿੰਦਰ ਸਿੰਘ ਧਾਮੀ

## ਦੀਵਾਲੀ : ਹਨੇਰੇ ਮਨਾਂ ਨੂੰ ਰੌਸ਼ਨ ਕਰੀਏ

**ਧਰਤੀ** ਦੇ ਕਿਸੇ ਵੀ ਕੋਨੇ ਵਿਚ ਵਸੇ ਮਨੁੱਖ ਲਈ, ਉਥੋਂ ਦੇ ਸੱਭਿਆਚਾਰਕ ਤਿਉਹਾਰ ਤੇ ਹੋਰ ਉਤਸਵ ਬਹੁਤ ਗੌਰਵਸ਼ਾਲੀ ਹੁੰਦੇ ਹਨ। ਇਹ ਉੱਥੇ ਵਸਦੇ ਲੋਕਾਂ ਦੀ ਜੀਵਨ-ਜਾਚ, ਸੋਚ, ਸਮਾਜਿਕ ਸਬੰਧਾਂ ਤੇ ਰਹੁ-ਰੀਤਾਂ ਦਾ ਸ਼ੀਸ਼ਾ ਹੁੰਦੇ ਹਨ। ਭਾਰਤ ਤਾਂ ਤਿਉਹਾਰਾਂ ਦੀ ਭੂਮੀ ਹੈ। ਇੱਥੋਂ ਦੀ ਵਿਸ਼ਾਲਤਾ ਤੇ ਵਿਲੱਖਣਤਾ ਹੀ ਇਹੀ ਹੈ ਕਿ ਇੱਥੇ ਤਾਂ ਹਰ ਦਿਨ ਹੀ ਕਿਸੇ ਨਾ ਕਿਸੇ ਖੇਤਰ ਵਿਚ ਲੋਕ ਤਿਉਹਾਰ ਮਨਾ ਰਹੇ ਹੁੰਦੇ ਹਨ। ਰੌਸ਼ਨੀਆਂ ਦਾ ਤਿਉਹਾਰ ਦੀਵਾਲੀ, ਭਾਰਤ ਦੇ ਲੋਕਾਂ ਦੇ ਮਨ ਵਿਚ ਇਸ ਕਦਰ ਡੂੰਘਾ ਵਸਿਆ ਹੋਇਆ ਹੈ ਕਿ ਹਰ ਕੋਈ ਇਸ ਤਿਉਹਾਰ ਦੀ ਉਡੀਕ ਕਰਦਾ ਹੈ। ਕੇਵਲ ਭਾਰਤ ਵਿਚ ਹੀ ਨਹੀਂ ਸਗੋਂ ਦੁਨੀਆ ਦੇ ਜਿਸ ਦੇਸ਼ ਵਿਚ ਵੀ ਭਾਰਤੀ ਵਸੇ ਹੋਏ ਹਨ, ਉਹ ਇਸ ਤਿਉਹਾਰ ਨੂੰ ਖ਼ੁਸ਼ੀਆਂ ਖੇੜਿਆਂ ਸੰਗ ਰਵਾਇਤੀ ਰੂਪ ਵਿਚ , ਦੀਵੇ ਤੇ ਮੋਮਬੱਤੀਆਂ ਬਾਲ ਕੇ ਮਨਾਉਂਦੇ ਹਨ।

ਪੁਰਾਤਨ ਸਮਿਆਂ ਵਿਚ ਲੋਕ, ਮਿੱਟੀ ਦੇ ਦੀਵੇ ਬਾਲ ਕੇ ਦੀਵਾਲੀ ਦੀ ਰਾਤ ਘਰਾਂ ਵਿਚ ਰੌਸ਼ਨੀ ਦਾ ਇਹ ਤਿਉਹਾਰ ਚਾਵਾਂ ਤੇ ਮਨ ਦੀ ਖ਼ੁਸ਼ੀ ਨਾਲ ਮਨਾਉਂਦੇ ਸਨ। ਅਜੋਕੇ ਸਮਿਆਂ ਵਿਚ ਬਿਜਲੀ ਦੀ ਬਦੌਲਤ ਰੰਗ-ਬਰੰਗੇ ਬਲਬਾਂ ਦੀਆਂ ਲੜੀਆਂ ਸਦਕਾ ਰੌਸ਼ਨੀਆਂ ਦੀ ਚਕਾਚੌਂਧ ਨਾਲ ਪਿੰਡ ਤੇ ਸ਼ਹਿਰ ਜਗਮਗਾ ਉਠਦੇ ਹਨ। ਦੀਵਾਲੀ ਦਾ ਤਿਉਹਾਰ ਲੋਕ ਮਨਾਂ ਵਿਚ ਬਹੁਤ ਡੂੰਘਾ ਵਸਿਆ ਹੋਇਆ ਹੈ। ਸਿੱਖ ਧਰਮ ਵਿਚ ਇਹ ਤਿਉਹਾਰ 'ਬੰਦੀ ਛੋੜ ਦਿਵਸ' ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਗੁਰੂ ਹਰਿਗੋਬਿੰਦ ਸਾਹਿਬ ਜੀ ਹੋਰ ਹਿੰਦੂ ਰਾਜਿਆਂ ਸਮੇਤ ਰਿਹਾਈ ਉਪਰੰਤ ਜਦੋਂ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਪਹੁੰਚੇ ਤਾਂ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਸ਼ਰਧਾਲੂਆਂ ਵਲੋਂ ਦੀਪਮਾਲਾ ਕੀਤੀ ਗਈ।

ਸਮੇਂ ਦੇ ਬੀਤਣ ਨਾਲ ਤਿਉਹਾਰਾਂ ਦੇ ਅਰਥ ਵੀ ਬਦਲ ਗਏ ਹਨ। ਅਜੋਕੇ ਸਮਿਆਂ ਵਿਚ ਜੀਵਨ ਦੀ ਸਜ-ਧਜ ਤੇ ਜਲੌਅ ਕਾਰਨ, ਤਿਉਹਾਰਾਂ ਦਾ ਰੰਗ-ਢੰਗ ਵੀ ਬਿਲਕੁਲ ਬਦਲ ਗਿਆ ਹੈ। ਰੌਸ਼ਨੀਆਂ ਦੀ ਚਕਾਚੌਂਧ ਦਾ ਤਾਂ ਕੋਈ ਅੰਤ ਪਾਰਾਵਾਰ ਨਹੀਂ ਹੈ। ਤਿਉਹਾਰਾਂ ਦੇ ਦਿਨਾਂ ਵਿਚ ਬਾਜ਼ਾਰ ਇਸ ਕਦਰ ਸਜ-ਧਜ ਜਾਂਦੇ ਹਨ ਕਿ ਆਮ ਵਿਅਕਤੀ ਦੇਖ ਕੇ ਹੀ ਹੈਰਾਨ ਹੋਈ ਜਾਂਦਾ ਹੈ। ਸਾਰਾ ਕੁਝ ਹੀ ਪੈਸੇ ਨਾਲ ਜੁੜ ਗਿਆ ਹੈ ਤੇ ਆਮ ਸਾਧਾਰਨ ਮਨੁੱਖ ਆਪਣੀ ਆਰਥਿਕ ਸਥਿਤੀ ਦੇ ਡਾਵਾਂਡੋਲ ਹੋਣ ਕਾਰਨ, ਇਸ ਬਨਾਉਟੀ ਚਕਾਚੌਂਧ ਤੋਂ ਵਿਚਲਤ ਹੋਇਆ ਮਨ-ਮਸੋਸ ਕੇ ਰਹਿ ਜਾਂਦਾ ਹੈ। ਆਲੇ ਦੁਆਲੇ ਫੈਲੀਆਂ ਰੌਸ਼ਨੀਆਂ ਤੋਂ ਲਗਦਾ ਹੈ ਜਿਵੇਂ ਗੂੜ੍ਹਾ ਹਨ੍ਹੇਰਾ ਕਿਤੇ ਅਲੋਪ ਹੋ ਗਿਆ ਹੋਵੇ। ਜੇ ਗਹੁ ਨਾਲ ਸਮੁੱਚੇ ਵਰਤਾਰੇ ਵੱਲ ਨਜ਼ਰ ਮਾਰੀਏ ਤਾਂ ਇੰਜ ਹੋਇਆ ਪ੍ਰਤੀਤ ਨਹੀਂ ਹੁੰਦਾ। ਹਕੀਕਤ ਇਹ ਹੈ ਕਿ ਬਾਹਰੀ ਜਗਮਗਾਹਟ ਕਰਨ ਦਾ ਭਰਮ ਸਦੀਆਂ ਤੋਂ ਸਾਡੇ ਮਨਾਂ 'ਤੇ ਛਾਇਆ ਹੋਇਆ ਹੈ। ਜਿਉਂ ਜਿਉਂ ਰੌਸ਼ਨੀਆਂ ਦੀ ਜਗਮਗਾਹਟ ਵਧੀ ਹੈ, ਤਿਉਂ ਤਿਉਂ ਹੀ ਮਨਾਂ ਦੇ ਆਕਾਸ਼ 'ਤੇ ਹਨ੍ਹੇਰਿਆਂ ਦੇ ਕਾਲੇ ਬੱਦਲ ਗੂੜ੍ਹੇ ਹੁੰਦੇ ਗਏ ਹਨ।

ਜੀਵਨ ਨੂੰ ਸੁਖਦਾਈ ਬਣਾਉਣ ਲਈ ਮਨੁੱਖ ਨੇ ਨਿੱਜੀ ਹਿੱਤਾਂ ਦੀ ਖ਼ਾਤਿਰ ਲਾਲਚ ਤੇ ਸਵਾਰਥ ਦਾ ਰਾਹ ਫੜ ਲਿਆ ਹੈ। ਅਜੋਕਾ ਮਨੁੱਖ ਏਨਾ ਲਾਲਚੀ, ਸਵਾਰਥੀ ਅਤੇ ਅਣਮਨੁੱਖੀ ਰੁਚੀਆਂ ਵਾਲਾ ਹੋ ਗਿਆ ਹੈ ਕਿ ਉਹ ਸਮਾਜ ਦੀਆਂ ਸਭ ਨੈਤਿਕ ਤੇ ਸਦਾਚਾਰਿਕ ਕਦਰਾਂ-ਕੀਮਤਾਂ ਨੂੰ ਉਲੰਘ ਕੇ ਉਸ ਰਾਹ 'ਤੇ ਤੁਰ ਪਿਆ ਹੈ ਜਿਹੜਾ ਹਨੇਰੀ ਤੇ ਅੰਨ੍ਹੀ ਗੁਫਾ ਵੱਲ ਜਾਂਦਾ ਹੈ। ਧਨ ਤੇ ਜਾਇਦਾਦ ਦੇ ਲਾਲਚ ਵਿਚ ਮਨੁੱਖ ਇਸ ਕਦਰ ਅੰਨ੍ਹਾ ਹੋ ਚੁੱਕਾ ਹੈ ਕਿ ਉਹ ਸਭ ਕੁਝ ਹੜੱਪ ਜਾਣ ਲਈ ਨੇੜਲੇ ਤੇ ਗੂੜ੍ਹੇ ਰਿਸ਼ਤਿਆਂ ਦਾ ਘਾਣ ਕਰਨ ਲੱਗਾ ਵੀ ਪਲ ਨਹੀਂ ਲਾਉਂਦਾ। ਹਰ ਰੋਜ਼ ਹੀ ਅਖ਼ਬਾਰਾਂ ਵਿਚ ਅਜਿਹੀਆਂ ਖ਼ਬਰਾਂ ਦੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਤੋਂ ਮਨੁੱਖੀ ਮਨ ਦੀ ਵਹਿਸ਼ਤ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ।

ਅਜੋਕੇ ਜੀਵਨ ਵਰਤਾਰੇ ਵਿਚ ਜਿਸ ਤਰ੍ਹਾਂ ਰਿਸ਼ਤਿਆਂ ਦੀ ਮਿੱਟੀ ਪਲੀਤ ਹੋ ਰਹੀ ਹੈ, ਉਸ ਤੋਂ ਕੋਈ ਵੀ ਸੰਵੇਦਨਸ਼ੀਲ ਮਨੁੱਖ ਸ਼ਰਮਸਾਰ ਹੋਏ ਬਿਨਾਂ ਨਹੀਂ ਰਹਿ ਸਕਦਾ। ਔਰਤ ਅੱਜ ਵੀ ਜ਼ੁਲਮ ਦਾ ਸ਼ਿਕਾਰ ਹੋ ਰਹੀ ਹੈ। ਸਮਾਜਿਕ ਜੀਵਨ ਵਿਚ ਔਰਤ ਨੂੰ ਜਿਹੜਾ ਆਦਰ ਸਤਿਕਾਰ ਮਿਲਣਾ ਚਾਹੀਦਾ ਹੈ, ਉਸ ਤੋਂ ਉਹ ਅਜੇ ਵੀ ਵਿਰਵੀ ਹੈ। ਬਾਲੜੀਆਂ, ਕੁੜੀਆਂ ਤੇ ਔਰਤਾਂ ਕਿਤੇ ਵੀ ਸੁਰੱਖਿਅਤ ਨਹੀਂ ਹਨ। ਨਿੱਤ ਦਿਨ ਜਬਰ-ਜਨਾਹ ਤੇ ਮਨੁੱਖੀ ਦਰਿੰਦਗੀ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਇਸ ਗੱਲ ਦਾ ਪ੍ਰਮਾਣ ਹੈ ਕਿ, ਸਿੱਖਿਆ ਦੀ ਆਧੁਨਿਕ ਰੌਸ਼ਨੀ ਦੇ ਦਾਅਵੇ ਕਿੰਨੇ ਖੋਖਲੇ ਹਨ, ਤੇ ਸਾਡੇ ਅੰਦਰ ਕਿੰਨਾ ਹਨੇਰ ਹੈ।


ਭਾਸ਼ਾ, ਧਰਮ ਤੇ ਜਾਤ ਬਰਾਦਰੀ ਦੇ ਨਾਂ ਉੱਤੇ ਮਨੁੱਖ ਦੀ ਸੋਚ ਏਨੀ ਸੰਕੀਰਨ ਹੋ ਗਈ ਹੈ ਕਿ ਇਹ ਅਜੋਕੇ ਮਨੁੱਖ ਦੇ ਮਨ ਵਿਚ ਪਸਰੇ ਹਨ੍ਹੇਰੇ ਦੀ ਜਿਉਂਦੀ ਜਾਗਦੀ ਮਿਸਾਲ ਹੈ। ਜਾਪਦਾ ਇਹੀ ਹੈ ਕਿ ਅਜੋਕੇ ਸਮਿਆਂ 'ਚ ਮਨੁੱਖ ਨੇ ਬਹੁਤ ਤਰੱਕੀ ਕਰ ਲਈ ਹੈ। ਪਰ ਸਾਡੀ ਸੋਚ ਤੇ ਵਿਹਾਰ ਦਾ ਦਾਇਰਾ ਬਹੁਤ ਸੌੜਾ ਹੋ ਗਿਆ ਹੈ। ਜਿਉਂ ਜਿਉਂ ਮਨੁੱਖ ਅਖਾਉਤੀ ਤਰੱਕੀ ਦੀਆਂ ਮੰਜ਼ਿਲਾਂ ਤੈਅ ਕਰਦਾ ਜਾ ਰਿਹਾ ਹੈ, ਤਿਉਂ ਤਿਉਂ ਇਨਸਾਨੀ ਕਦਰਾਂ-ਕੀਮਤਾਂ ਦੀ ਮਿੱਟੀ ਪਲੀਤ ਹੋ ਰਹੀ ਹੈ। ਧਰਮਾਂ ਦੇ ਅਸਲੀ ਅਰਥਾਂ ਦੀ ਥਾਹ ਪਾਉਣ ਦੀ ਗੱਲ ਕੋਈ ਨਹੀਂ ਕਰਦਾ। ਧਨ ਇਕੱਠਾ ਕਰਨ ਦੀਆਂ ਕਰਮ-ਕਾਂਡੀ ਜੁਗਤਾਂ ਅਪਣਾ ਕੇ ਲੋਕਾਂ ਨੂੰ ਔਝੜ ਰਾਹ (ਬਾਕੀ ਸਫ਼ਾ ii 'ਤੇ)



ਗੁਰਬਿੰਦਰ ਸਿੰਘ ਮਾਣਕ

## ਕਿਰਤ ਦਾ ਦੇਵਤਾ
## ਬਾਬਾ ਵਿਸ਼ਵਕਰਮਾ

**ਮਹੱਤਵਪੂਰਨ** ਇਤਿਹਾਸਕ ਘਟਨਾਵਾਂ ਦੇ ਅਧਿਐਨ ਤੋਂ ਇਹ ਗੱਲ ਨਿੱਖਰ ਕੇ ਸਾਹਮਣੇ ਆਉਂਦੀ ਹੈ ਕਿ ਕ੍ਰਿਸਟੋਫਰ ਕੋਲੰਬਸ ਨੇ ਜਿਸ ਸਮੁੰਦਰੀ ਜਹਾਜ਼ 'ਸੈਂਟਾਮੈਰੀਆ' ਵਿਚ ਦੂਰ ਤੱਕ ਸਮੁੰਦਰੀ ਯਾਤਰਾ ਕਰਕੇ ਆਖਰ ਅਮਰੀਕਾ ਦੀ ਖੋਜ ਕੀਤੀ, ਸਿੱਖਾਂ ਦੇ ਦਸਵੇਂ ਗੁਰੂ ਦਸਮੇਸ਼ ਪਿਤਾ, ਸਰਬੰਸਦਾਨੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰਬਲੋਹ ਦੇ ਜਿਸ ਬਾਟੇ ਵਿਚ ਪੰਜ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਆਪ ਉਨ੍ਹਾਂ ਕੋਲੋਂ ਅੰਮ੍ਰਿਤ ਛਕ ਕੇ ਖ਼ਾਲਸੇ ਦੀ ਸਿਰਜਣਾ ਕੀਤੀ, ਜਿਸ ਤਲਵਾਰ ਦੀ ਸ਼ਕਤੀ ਨਾਲ ਮੁਗਲਾਂ ਅਤੇ ਪਹਾੜੀ ਰਾਜਿਆਂ ਦੇ ਜਬਰ ਵਿਰੁੱਧ ਜੰਗ ਲੜੇ, ਮਰਹੱਟਾ ਸਰਦਾਰ ਸ਼ਿਵਾ ਜੀ ਨੇ ਜਿਸ ਤਲਵਾਰ ਤੇ ਢਾਲ ਦੀ ਵਰਤੋਂ ਨਾਲ ਮੁਗਲਾਂ ਨਾਲ ਦੋ ਹੱਥ ਕਰਕੇ ਮਰਾਠਾ ਰਾਜ ਦੀ ਸਥਾਪਨਾ ਕੀਤੀ, ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਜਿਨ੍ਹਾਂ ਤਲਵਾਰਾਂ ਅਤੇ ਤੋਪਾਂ ਦੀ ਵਰਤੋਂ ਨਾਲ ਸੁਤੰਤਰ ਸਿੱਖ ਰਾਜ ਦੀ ਨੀਂਹ ਰੱਖੀ, ਜਿਸ ਰਾਕੇਟ-ਲਾਂਚਰ ਰਾਹੀਂ ਮਨੁੱਖ ਨੇ ਚੰਦਰਮਾ ਤੇ ਮੰਗਲ ਗ੍ਰਹਿ ਤੱਕ ਪਹੁੰਚ ਕੇ ਉਥੋਂ ਦੀ ਧਰਤੀ ਨੂੰ ਛੁਹਿਆ, ਔਜ਼ਾਰਾਂ, ਮਸ਼ੀਨਾਂ ਆਦਿ ਦੀ ਬਣਤਰ ਕਲਾ ਜਿਸ ਮਹਾਨ ਦੇਵਤੇ ਦੀ ਦੇਣ ਹੈ, ਉਹ ਹਨ ਬਾਬਾ ਵਿਸ਼ਵਕਰਮਾ ਜੀ, ਜਿਨ੍ਹਾਂ ਨੂੰ 'ਕਿਰਤ ਦਾ ਦੇਵਤਾ' ਆਖਿਆ ਜਾਂਦਾ ਹੈ।



ਵੱਡੇ-ਵੱਡੇ ਡੈਮ, ਵੱਡੀਆਂ-ਵੱਡੀਆਂ ਮਿੱਲ੍ਹਾਂ, ਆਸਮਾਨ ਨੂੰ ਛੂੰਹਦੀਆਂ ਇਮਾਰਤਾਂ, ਰੇਲਵੇ ਲਾਈਨਾਂ ਦੇ ਵਿਛੇ ਜਾਲ, ਪਹਾੜਾਂ ਵਿਚ ਸੁਰੰਗਾਂ ਆਦਿ ਸਭ ਦੀ ਉਸਾਰੀ ਵਿਚ ਵਰਤੇ ਔਜ਼ਾਰ ਅਤੇ ਮਸ਼ੀਨਰੀ ਬਾਬਾ ਜੀ ਦੀ ਦਸਤਕਾਰੀ ਦੀ ਕਲਾ ਦੀ ਦੇਣ ਹਨ। ਸੰਸਾਰ ਦੇ ਸੱਤ ਅਜੂਬਿਆਂ ਦੇ ਨਿਰਮਾਣ ਵਿਚ ਵੀ ਬਾਬਾ ਵਿਸ਼ਵਕਰਮਾ ਦੁਆਰਾ ਦਰਸਾਈ ਭਵਨ ਨਿਰਮਾਣ ਕਲਾ ਝਲਕਦੀ ਹੈ।

> *ਅੱਜ ਦੇ ਨੌਜਵਾਨ ਬਾਬਾ ਵਿਸ਼ਵਕਰਮਾ ਜੀ ਦੀ ਦਰਸਾਈ ਦਸਤਕਾਰੀ ਦੀ ਕਲਾ ਅਤੇ ਉਨ੍ਹਾਂ ਦੇ ਆਦਰਸ਼ਾਂ ਨੂੰ ਧਾਰਨ ਕਰ ਲੈਣ ਤਾਂ ਬੇਰੁਜ਼ਗਾਰੀ ਦੀ ਸਮੱਸਿਆ ਕਿਸੇ ਹੱਦ ਤੱਕ ਦੂਰ ਹੋ ਸਕਦੀ ਹੈ।*

ਪ੍ਰਾਚੀਨ ਧਾਰਮਿਕ ਗ੍ਰੰਥ, ਰਿਗਵੇਦ ਵਿਚ ਵੀ ਬਾਬਾ ਵਿਸ਼ਵਕਰਮਾ ਦਾ ਜ਼ਿਕਰ ਮਿਲਦਾ ਹੈ। ਬਾਬਾ ਵਿਸ਼ਵਕਰਮਾ ਨੂੰ ਇੰਜੀਨੀਅਰਿੰਗ ਦਾ ਦੇਵਤਾ ਵੀ ਕਿਹਾ ਜਾਂਦਾ ਹੈ। ਮਹਾਂਭਾਰਤ ਅਤੇ ਪੁਰਾਣਾਂ ਵਿਚ ਉਨ੍ਹਾਂ ਨੂੰ ਦੇਵਤਿਆਂ ਦਾ ਮੁੱਖ ਇੰਜੀਨੀਅਰ ਵਰਨਣ ਕੀਤਾ ਗਿਆ ਹੈ। ਇਕ ਉਪ-ਵੇਦ ਜਿਸ ਵਿਚ ਦਸਤਕਾਰੀ ਦੀ ਕਲਾ ਦੇ ਹੁਨਰਾਂ ਦਾ ਵਰਨਣ ਮਿਲਦਾ ਹੈ, ਵਿਚ ਵਿਸ਼ਵਕਰਮਾ ਜੀ ਦੀ ਮਹਾਨ ਰਚਨਾ ਦਾ ਜ਼ਿਕਰ ਹੈ।

ਚਮਕੌਰ ਸਿੰਘ

ਜੇ ਅੱਜ ਦੇ ਨੌਜਵਾਨ ਬਾਬਾ ਵਿਸ਼ਵਕਰਮਾ ਜੀ ਦੀ ਦਰਸਾਈ ਦਸਤਕਾਰੀ ਦੀ ਕਲਾ ਅਤੇ ਉਨ੍ਹਾਂ ਦੇ ਆਦਰਸ਼ਾਂ ਨੂੰ ਧਾਰਨ ਕਰ ਲੈਣ ਤਾਂ ਬੇਰੁਜ਼ਗਾਰੀ ਦੀ ਸਮੱਸਿਆ ਕਿਸੇ ਹੱਦ ਤੱਕ ਦੂਰ ਹੋ ਸਕਦੀ ਹੈ। ਵਿਸ਼ਵਕਰਮਾ ਦਿਵਸ, ਜੋ ਬਾਬਾ ਜੀ ਨੂੰ ਸਮਰਪਿਤ ਹੁੰਦਾ ਹੈ, ਦੇ ਸ਼ੁੱਭ ਅਵਸਰ 'ਤੇ ਹਰ ਰਾਜ ਮਿਸਤਰੀ, ਤਰਖਾਣ, ਔਜ਼ਾਰਾਂ ਦੇ ਨਿਰਮਾਤਾ ਅਤੇ ਹਰ ਪ੍ਰਕਾਰ ਦੀ ਵਰਕਸ਼ਾਪ ਮਸ਼ੀਨਰੀ ਦੀ ਵਰਤੋਂ ਕਰਨ ਵਾਲੇ ਸਭ ਵਿਸ਼ਵਕਰਮਾ ਜੀ ਦੀ ਕਿਰਤ ਦੇ ਦੇਵਤੇ ਦੇ ਰੂਪ ਵਿਚ ਪੂਜਾ ਕਰਦੇ ਹਨ। ਆਓ! ਇਸ ਸ਼ੁੱਭ ਦਿਹਾੜੇ 'ਤੇ ਬਾਬਾ ਜੀ ਦੀ ਦੱਸੀ ਦਸਤਕਾਰੀ ਦੀ ਕਲਾ ਅਤੇ ਉੱਚ-ਦਾਰਸ਼ਨਿਕਤਾ ਨੂੰ ਧਾਰਨ ਕਰਨ ਦੀ ਪ੍ਰਤਿੱਗਿਆ ਕਰੀਏ।

*-ਪ੍ਰਿੰਸੀਪਲ, ਦਸਮੇਸ਼ ਸੀ: ਸੈ: ਸਕੂਲ, ਦਸਮੇਸ਼ ਨਗਰ, ਲੁਧਿਆਣਾ। ਮੋਬਾ: 98722-07166*



ਬਨਵਾਸ ਤੋਂ ਬਾਅਦ ਅਯੁੱਧਿਆ ਨਗਰੀ ਪਹੁੰਚਣ 'ਤੇ ਸ੍ਰੀ ਰਾਮ, ਸ੍ਰੀ ਲਕਸ਼ਮਣ ਤੇ ਮਾਤਾ ਸੀਤਾ ਦੇ ਸੁਆਗਤ ਦਾ ਇਕ ਦ੍ਰਿਸ਼

## ਸਾਂਝੀਵਾਲਤਾ ਦਾ ਪੈਗ਼ਾਮ

**ਨੋਬਲ** ਪੁਰਸਕਾਰ ਜੇਤੂ ਗੁਰੂ ਦੇਵ ਟੈਗੋਰ ਜੀ ਅਰਜ਼ ਕਰਦੇ ਹਨ 'ਹੇ ਪ੍ਰਮਾਤਮਾ! ਮੈਨੂੰ ਹਨ੍ਹੇਰੇ ਤੋਂ ਰੌਸ਼ਨੀ ਵੱਲ ਲੈ ਚੱਲ।' ਚਿਰਾਗ ਦਾ ਆਪਣਾ ਕੋਈ ਮੁਕਾਮ ਨਹੀਂ ਹੁੰਦਾ, ਜਿੱਥੇ ਵੀ ਚਲਾ ਜਾਂਦਾ ਹੈ, ਰੌਸ਼ਨੀ ਫੈਲਾਉਂਦਾ ਹੈ। ਇਕ ਤਿਉਹਾਰ ਅਜਿਹਾ ਹੈ, ਜਿਸ ਦਿਨ ਚਿਰਾਗ ਅਤੇ ਮੋਮਬੱਤੀਆਂ ਚੌਗਿਰਦੇ ਨੂੰ ਰੌਸ਼ਨ ਕਰਦੀਆਂ ਹਨ।

ਆਪਣੇ ਸੰਗ ਖ਼ੁਸ਼ੀਆਂ, ਖੇੜਿਆਂ, ਮੁਹੱਬਤਾਂ ਤੇ ਭਾਈਚਾਰਕ ਸਾਂਝਾਂ ਦਾ ਪੈਗ਼ਾਮ ਲੈ ਕੇ ਆਉਣ ਵਾਲੀ ਅਤੇ ਹਨ੍ਹੇਰੀ ਰਾਤ ਚਾਨਣ ਦਾ ਡੰਕਾ ਵਜਾਉਣ ਵਾਲੀ, ਤਿਉਹਾਰਾਂ ਦੀ ਰਾਣੀ ਦਾ ਨਾਂਅ ਹੈ-ਰੌਸ਼ਨੀਆਂ ਵਾਲੀ, ਆਸਾਂ ਵਾਲੀ, ਦੀਵਿਆਂ ਵਾਲੀ, ਪਟਾਕਿਆਂ ਵਾਲੀ-ਦੀਪਾਵਲੀ ਭਾਵ ਦੀਵਾਲੀ। ਦੀਵਾਲੀ ਵਾਲੀ ਰਾਤ ਦਾ ਪ੍ਰਕਾਸ਼, ਰੌਸ਼ਨੀ ਤੇ ਜਗਮਗਾਹਟ ਹੈ ਇਹ ਗੱਲ ਕਮਾਲ ਦੀ ਤਾਂ ਹੈ, ਪਰ ਹੈ ਤਾਂ ਪ੍ਰਤੀਕ ਮਾਤਰ ਤੇ ਇਕ-ਦਿਵਸੀ। ਯਕੀਨਨ, ਸਾਡੀ ਲੋੜ ਮੁਤਾਬਕ ਇਹ ਨਾਕਾਫ਼ੀ ਫ਼ਰਮਾਨ ਹੈ।

ਸਭ ਤੋਂ ਪਹਿਲੀ ਗੱਲ, ਇਕ ਦਿਨ ਦੀਵੇ, ਮੋਮਬੱਤੀਆਂ ਤੇ ਬਲਬ ਜਗਾ ਕੇ ਸਾਰਾ ਸਾਲ ਆਲਾ-ਦੁਆਲਾ ਪ੍ਰਕਾਸ਼ਿਤ ਨਹੀਂ ਹੋਣਾ। ਗੁੜ ਦੀ ਇਕ ਡਲੀ ਨਾਲ ਟੋਭਾ ਮਿੱਠਾ ਨਹੀਂ ਹੋਣਾ। ਇਕ ਦਿਨ ਝਾੜੂ ਲਗਾ ਕੇ ਭਾਰਤ ਸਵੱਛ ਨਹੀਂ ਹੋਣਾ, ਬਲਕਿ ਹਰ ਰੋਜ਼ ਸਫ਼ਾਈ ਰੱਖ ਕੇ, ਹਰ ਦਿਨ ਗਿਆਨ ਦੇ ਦੀਵੇ ਬਾਲ ਕੇ ਦੀਵਾਲੀ ਵਰਗਾ ਵਾਤਾਵਰਨ ਸਿਰਜਣ ਦੀ ਲੋੜ ਹੈ। ਬਨਾਉਟੀ ਚਾਨਣ ਨਾਲ ਮਨ-ਮਸਤਕ ਦਾ ਹਨ੍ਹੇਰਾ ਦੂਰ ਨਹੀਂ ਹੋਣਾ। ਸ਼ਾਇਰ ਦੇ ਦਿਲਕਸ਼ ਸ਼ਬਦ ਧਿਆਨ ਖਿੱਚਦੇ ਨੇ:

ਨਾ ਤਾਰੀਕੀ (ਹਨ੍ਹੇਰਾ) ਮੇਰੇ ਦਿਲ ਕੀ ਗਈ,
ਚਮਕਤੇ ਸਿਤਾਰੇ ਕੋ ਮੈਂ ਕਿਆ ਕਰੂੰ,
ਦੇ ਸਕੇ ਤੋ ਦੇ ਦੇ ਦਿਲ ਕੀ ਖ਼ੁਸ਼ੀ,
ਲਾਖੋਂ ਹਜ਼ਾਰੋਂ ਕੋ ਮੈਂ ਕਿਆ ਕਰੂੰ।

ਯਕੀਨਨ, ਦੀਵਾਲੀ ਸਾਂਝੀਵਾਲਤਾ ਦਾ ਪੈਗ਼ਾਮ ਤਾਂ ਦਿੰਦੀ ਹੈ, ਪਰੰਤੂ ਕੀ ਮਹਿਲਾਂ ਵਾਲਿਆਂ ਦੀ ਤੇ ਢੋਕਾਂ, ਝੁੱਗੀ-ਝੌਂਪੜੀ ਵਾਲਿਆਂ ਦੀ ਦੀਵਾਲੀ ਵਿਚ ਸਮਾਨਤਾ ਤੇ ਸਾਂਝੀਵਾਲਤਾ ਨਜ਼ਰ ਆਉਂਦੀ ਹੈ? ਬਿਲਕੁਲ ਨਹੀਂ। ਕਿੱਥੇ ਰਾਜਾ ਭੋਜ ਤੇ ਕਿੱਥੇ ਗੰਗੂ ਤੇਲੀ। ਜ਼ਰਾ ਸੋਚੋ, ਕੀ ਸਭਨਾਂ ਦੀ ਸਮਾਨ ਸ਼ਮੂਲੀਅਤ ਬਗ਼ੈਰ, ਦੀਵਾਲੀ ਦੇ ਜਸ਼ਨ ਬੌਣੇ, ਊਣੇ ਤੇ ਲੰਗੜੇ ਨਹੀਂ? ਕਿੱਡੀ ਅਫ਼ਸੋਸਨਾਕ ਹਕੀਕਤ ਹੈ ਕਿ ਪੌਣੀ ਸਦੀ ਤੋਂ ਵੀ ਵੱਧ ਸਮਾਂ ਬੀਤ ਚੁੱਕਾ ਹੈ ਅੱਜ ਵੀ ਭੁੱਖੇ ਢਿੱਡ ਸੌਣ ਵਾਲਿਆਂ ਦੀ ਗਿਣਤੀ ਵਿਚ ਨਿਰੰਤਰ ਵਾਧਾ ਹੋ ਰਿਹਾ ਹੈ। ਮਜ਼ਲੂਮਾਂ, ਨਿਮਾਣਿਆਂ-ਨਿਤਾਣਿਆਂ ਸਤਾਇਆਂ ਤੇ ਲਤਾੜਿਆਂ ਨੂੰ ਦੀਵਾਲੀ ਮੁਬਾਰਕ ਕਹਿਣਾ, ਉਨ੍ਹਾਂ ਨੂੰ ਮਖ਼ੌਲ ਕਰਨ ਦੇ ਸਮਾਨ ਹੈ। ਮਨੁੱਖ-ਮਨੁੱਖ ਵਿਚਲਾ ਪਾੜਾ ਨਹੀਂ ਘਟਿਆ। ਅਸੀਂ ਅਗਿਆਨਤਾ, ਅਨਪੜ੍ਹਤਾ, ਅਨੁਸ਼ਾਸਨਹੀਣਤਾ ਤੇ ਅਸ਼ਲੀਲਤਾ ਤੋਂ ਉੱਪਰ ਉੱਠ ਕੇ ਗਿਆਨ, ਸਾਖ਼ਰ, ਅਨੁਸ਼ਾਸਿਤ, ਸੰਜਮ, ਨਿਮਰ ਤੇ ਨਿਰਵੈਰ ਸਮਾਜ ਨਹੀਂ ਉਸਾਰ ਸਕੇ। ਸਾਡੇ ਜੀਵਨ ਵਿਚ ਈਰਖਾ, ਸਾੜਾ, ਵੈਰ-ਵਿਰੋਧ, ਬੇਈਮਾਨੀ, ਘਪਲੇਬਾਜ਼ੀ, ਭਾਈ-ਭਤੀਜਾਵਾਦ, ਖੇਤਰਵਾਦ, ਭਾਸ਼ਾਵਾਦ, ਜਾਤੀਵਾਦ, ਸ਼੍ਰੇਣੀਵਾਦ, ਵੱਖਵਾਦ ਤੇ ਭ੍ਰਿਸ਼ਟਾਚਾਰ ਵਰਗੇ ਅਗਿਆਨਤਾ ਭਰੇ ਰੂੜੀਵਾਦੀ ਵਿਚਾਰਾਂ ਦਾ ਬੇਹੱਦ ਦਖ਼ਲ ਹੈ। ਅਸੀਂ ਪਿਆਰ-ਮੁਹੱਬਤ, ਸਦਭਾਵਨਾ, ਆਪਸੀ-ਭਾਈਚਾਰੇ ਤੇ ਸਹਿਯੋਗ ਦੀਆਂ ਪੌੜੀਆਂ ਨਹੀਂ ਚੜ੍ਹ ਸਕੇ।

ਗੱਲ ਸੋਚ ਬਦਲਣ ਦੀ ਹੈ। ਨਜ਼ਰ ਬਦਲਣ ਨਾਲ ਨਜ਼ਾਰੇ ਬਦਲ ਜਾਂਦੇ ਨੇ। ਕਿਸ਼ਤੀਆਂ ਦੇ ਬਦਲਣ ਨਾਲ ਗੱਲ ਨਹੀਂ ਬਣਨੀ, ਦਿਸ਼ਾਂ ਬਦਲੋ, ਕਿਨਾਰੇ ਬਦਲ ਜਾਂਦੇ ਨੇ। ਦੀਵਾਲੀ ਮਨਾਉਣ ਦੇ ਕਲਿਆਣਕਾਰੀ ਢੰਗ ਤਲਾਸ਼ ਕੀਤੇ ਜਾਣ। ਕਰੋੜਾਂ ਰੁਪਏ ਦਾ ਬਾਰੂਦ ਫੂਕ ਕੇ ਵਾਤਾਵਰਨ ਨੂੰ ਦੂਸ਼ਿਤ-ਪ੍ਰਦੂਸ਼ਿਤ ਨਾ ਕੀਤਾ ਜਾਵੇ। ਬੰਬ-ਪਟਾਕੇ, ਸ਼ੋਰ-ਸ਼ਰਾਬੇ ਦੇ ਆਲਮ ਵਿਚ ਵਾਧਾ ਕਰਨਾ, ਸਾਨੂੰ ਕਿਤੇ ਅੰਨ੍ਹੇ-ਬਹਿਰੇ ਨਾ ਬਣਾ ਦੇਵੇ। ਜੂਆ-ਸੱਟਾ, ਪਵਿੱਤਰ ਤਿਉਹਾਰ ਦੀ ਪਵਿੱਤਰਤਾ ਨੂੰ ਭੰਗ ਨਾ ਕਰ ਦੇਵੇ। ਅਮੀਰਜ਼ਾਦਿਆਂ ਦੀਆਂ ਰੀਸਾਂ ਕਰਕੇ, ਦੀਵਾਲੀ ਵਾਲੇ ਦਿਨ ਦੀਵਾਲਾ ਨਾ ਕੱਢੋ। ਚਾਦਰ ਦੇਖ ਕੇ ਪੈਰ ਪਸਾਰੋ। ਵਿਉਪਾਰਕ ਪੱਧਰ 'ਤੇ ਤਿਆਰ, ਗਰਦ, ਧੂੜ ਤੇ ਮੱਛਰ ਮੱਖੀਆਂ ਦੀ ਰਾਖੀ ਰੱਖੀਆਂ, ਨੰਗੀਆਂ ਮਠਿਆਈਆਂ ਦਾ ਸੇਵਨ ਨਾ ਕਰੋ। ਉਪਹਾਰ ਵਜੋਂ ਪੁਸਤਕਾਂ ਤੇ ਬੂਟਿਆਂ ਦਾ ਆਦਾਨ-ਪ੍ਰਦਾਨ ਕਰਨਾ ਸਿਆਣਪ ਹੈ। ਫੌਕੇ ਤੇ ਝੂਠੇ ਵਾਅਦਿਆਂ ਤੇ ਐਲਾਨਾਂ ਨਾਲ ਤਸਵੀਰ ਨਹੀਂ ਬਦਲਣੀ। ਹਨ੍ਹੇਰੇ ਵਿਚ ਬੈਠੇ ਗੁਰਬਤ ਦੇ ਮਾਰਿਆਂ ਦੀ ਬਿਹਤਰੀ ਲਈ ਕੁੱਲੀ, ਜੁੱਲੀ ਤੇ ਗੁੱਲੀ ਨੂੰ ਹਰ ਇਕ ਦੇ ਦਰ ਤੱਕ ਪਹੁੰਚਾਉਣ ਲਈ ਠੋਸ ਕਦਮਾਂ ਨੂੰ ਅਮਲੀਜਾਮਾ ਪਹਿਨਾਉਣ ਦੀ ਫ਼ੌਰੀ ਲੋੜ ਹੈ।

ਆਓ, ਦੀਵਾਲੀ ਦੇ ਯਾਦਗਾਰੀ, ਇਤਿਹਾਸਕ ਤੇ ਪਵਿੱਤਰ ਦਿਹਾੜੇ 'ਤੇ ਸਾਂਝੀਵਾਲਤਾ ਦਾ ਹੋਕਾ ਦੇਈਏ, ਏਕ ਪਿਤਾ ਏਕਸ ਕੇ ਹਮ ਬਾਰਕ ਦੀ ਹਕੀਕਤ ਨੂੰ ਜਾਣੀਏ ਤੇ ਮਾਨਸ ਦੀ ਜਾਤ ਨੂੰ ਇਕ ਹੀ ਪਹਿਚਾਣੀਏ। ਜਾਤ ਨਹੀਂ, ਜੋਤ ਨੂੰ ਪਹਿਚਾਣੀਏ। ਰੰਗ, ਨਸਲ, ਭੇਦਭਾਵ ਵਾਲੀ ਕੌੜੀ ਤੇ ਸੌੜੀ ਸੋਚ ਮਨਾਂ 'ਚੋਂ ਕੱਢੀਏ। ਮਨੁੱਖਤਾ ਵਿਚਲੀ ਸੰਕੀਰਣਤਾ ਖ਼ਤਮ ਕਰੀਏ, ਮਿਲਜੁਲ ਕੇ ਚੱਲੀਏ, ਜੁੜ ਕੇ ਵਸੀਏ, ਰਲ ਕੇ ਹੱਸੀਏ। ਦਇਆ, ਧਰਮ, ਸਦਭਾਵਨਾ ਅਤੇ ਗਿਆਨ ਦਾ ਚੌਮੁਖੀਆ ਦੀਵਾ ਬਾਲੀਏ। ਮਨੁੱਖਤਾ ਦੇ ਮਨਾਂ ਅੰਦਰਲਾ ਹਨ੍ਹੇਰਾ ਇਕ ਦਿਨ ਜ਼ਰੂਰ ਦੂਰ ਹੋ ਜਾਵੇਗਾ ਅਤੇ ਸਾਰਾ ਸੰਸਾਰ ਆਪ-ਮੁਹਾਰੇ ਹੀ ਜਗਮਗਾ ਉੱਠੇਗਾ।



ਲੋਕ ਨਾਥ ਸ਼ਰਮਾ

*(ਲੇਖਕ ਦਸ ਵਿਸ਼ਿਆਂ ਵਿਚ ਐਮ.ਏ. ਪਾਸ ਗੋਲਡ ਮੈਡਲਿਸਟ ਸਟੇਟ ਐਵਾਰਡੀ ਹੈ)*
*ਮੋਬਾਈਲ : 94171-76877*

## ਆਓ, ਜਾਣੀਏ ਦੀਵਾਲੀ ਬਾਰੇ ਕੁਝ ਰੌਚਿਕ ਤੱਥ

**ਦੀਵਾਲੀ** ਰੌਸ਼ਨੀਆਂ, ਮਠਿਆਈਆਂ ਅਤੇ ਖ਼ੁਸ਼ੀਆਂ ਦਾ ਤਿਉਹਾਰ ਹੈ। ਇਹ ਤਿਉਹਾਰ ਭਗਵਾਨ ਸ੍ਰੀ ਰਾਮ ਚੰਦਰ ਜੀ ਦੇ 14 ਸਾਲ ਦਾ ਬਨਵਾਸ ਖ਼ਤਮ ਹੋਣ ਪਿੱਛੋਂ ਅਯੁੱਧਿਆ ਵਾਪਸ ਪਰਤਣ ਅਤੇ ਛੇਵੀਂ ਪਾਤਿਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਗਵਾਲੀਅਰ ਦੇ ਕਿਲ੍ਹੇ ਵਿਚੋਂ 52 ਰਾਜਿਆਂ ਸਮੇਤ ਰਿਹਾਅ ਹੋਣ ਦੀ ਖ਼ੁਸ਼ੀ ਵਿਚ ਦੇਸ਼ ਤੇ ਵਿਦੇਸ਼ ਵਿਚ ਵਸੇ ਸਮੂਹ ਭਾਰਤੀਆਂ ਵਲੋਂ ਬੜੀ ਹੀ ਸ਼ਰਧਾ ਨਾਲ ਮਨਾਇਆ ਹੀ ਜਾਂਦਾ ਹੈ। ਆਓ ਇਸ ਪਾਵਨ ਤਿਉਹਾਰ ਨਾਲ ਜੁੜੇ ਕੁਝ ਹੋਰ ਬੇਹੱਦ ਰੌਚਿਕ ਅਤੇ ਜਾਣਕਾਰੀ ਭਰਪੂਰ ਤੱਥਾਂ ਨੂੰ ਜਾਣੀਏ

* ਸ੍ਰੀ ਰਾਮ ਚੰਦਰ ਜੀ ਹੱਥੋਂ ਮੁਕਤੀ ਪਾਉਣ ਵਾਲੇ ਲੰਕਾ ਦੇ ਰਾਜਾ ਰਾਵਣ ਦੀ ਜਨਮ ਅਤੇ ਕਰਮ ਭੂਮੀ ਸ੍ਰੀਲੰਕਾ ਵਿਖੇ ਵੀ ਭਾਰਤ ਦੀ ਤਰ੍ਹਾਂ ਇਸ ਦਿਨ ਪੂਰੇ ਮੁਲਕ ਵਿਚ ਛੁੱਟੀ ਰੱਖੀ ਜਾਂਦੀ ਹੈ ਤੇ ਸ੍ਰੀ ਲੰਕਾ ਵਿਖੇ ਵੱਸਦੇ ਤਾਮਿਲ ਲੋਕਾਂ ਵਲੋਂ ਇਸ ਦਿਨ ਦੀਵੇ ਅਤੇ ਮੋਮਬੱਤੀਆਂ ਜਗਾ ਕੇ ਮਠਿਆਈਆਂ ਵੰਡੀਆਂ ਜਾਂਦੀਆਂ ਹਨ। ਉਹ ਲੋਕ ਇਹ ਵਿਸ਼ਵਾਸ ਕਰਦੇ ਹਨ ਕਿ ਦੀਵੇ ਆਦਿ ਜਗਾਉਣਾ ਅਸਲ ਵਿਚ 'ਆਸਵੰਦ ਹੋਣ', 'ਰੌਸ਼ਨ ਭਵਿੱਖ ਹੋਣ' ਅਤੇ 'ਆਉਣ ਵਾਲੀ ਖ਼ੁਸ਼ਹਾਲੀ' ਦਾ ਪ੍ਰਤੀਕ ਹੈ।
* 'ਨੇਵਾਰ ਬੋਧੀ' ਨਾਮਕ ਸ਼੍ਰੇਣੀ ਦੇ ਬੁੱਧ ਧਰਮ ਦੇ ਪੈਰੋਕਾਰ ਜੋ ਭਾਰਤ ਸਮੇਤ ਜ਼ਿਆਦਾ ਕਰਕੇ ਨਿਪਾਲ ਵਿਚ ਵਸਦੇ ਹਨ, ਉਹ ਇਸ ਦਿਨ ਨੂੰ ਬੁੱਧ ਧਰਮ ਦਾ ਇਕ ਪਾਵਨ ਦਿਨ ਮੰਨ ਕੇ ਰੌਸ਼ਨੀ ਦੇ ਪ੍ਰਤੀਕ ਦੀਵੇ ਤੇ ਮੋਮਬੱਤੀਆਂ ਜਗਾਉਂਦੇ ਹਨ। ਉਹ ਮੰਨਦੇ ਹਨ ਕਿ ਇਸੇ ਹੀ ਦਿਨ ਤੀਜੀ ਸ਼ਤਾਬਦੀ ਈਸਾਪੂਰਵ ਵਿਚ ਸਮਰਾਟ ਅਸ਼ੋਕ ਨੇ ਬੁੱਧ ਧਰਮ ਦਾ ਮਾਰਗ ਅਪਣਾਇਆ ਸੀ ਅਤੇ ਨਾ ਕੇਵਲ ਆਪ ਹਿੰਸਾ ਦਾ ਤਿਆਗ ਕੀਤਾ ਸੀ, ਸਗੋਂ ਅਸੰਖਾਂ ਹੋਰ ਲੋਕਾਂ ਨੂੰ ਵੀ ਅਹਿੰਸਾ ਅਤੇ ਪ੍ਰੇਮ ਦਾ ਪਾਠ ਪੜ੍ਹਾਉਣ ਲਈ ਉਹ ਘਰੋਂ ਨਿਕਲ ਪਿਆ ਸੀ।
* ਜੈਨ ਧਰਮ ਦੇ ਪੈਰੋਕਾਰ ਇਸ ਦਿਨ ਨੂੰ ਆਪਣੇ ਸਭ ਤੋਂ ਪਿਆਰੇ ਤੀਰਥੰਕਰ ਸੁਆਮੀ ਮਹਾਂਵੀਰ ਦੇ ਬ੍ਰਹਮ ਗਿਆਨ ਹਾਸਿਲ ਕਰਨ ਅਤੇ ਮੋਕਸ਼ ਭਾਵ ਮੁਕਤੀ ਹਾਸਿਲ ਕਰਨ ਦੇ ਦਿਨ ਵਜੋਂ ਸ਼ਰਧਾਪੂਰਵਕ ਮਨਾਉਂਦੇ ਹਨ। ਜੈਨੀ ਲੋਕ ਵੀ ਰੌਸ਼ਨੀਆਂ ਕਰਦੇ ਹਨ ਤੇ ਇਹ ਮੰਨਦੇ ਹਨ ਕਿ ਦੀਪਕ ਅਤੇ ਮੋਮਬੱਤੀਆਂ ਆਦਿ ਦੀ ਰੌਸ਼ਨੀ ਸੁਆਮੀ ਮਹਾਂਵੀਰ ਜੀ ਦੇ ਪਵਿੱਤਰ ਬ੍ਰਹਮ ਗਿਆਨ ਦੀ ਪ੍ਰਚੰਡ ਲੋਅ ਦੀ ਹੀ ਪ੍ਰਤੀਕ ਹੈ।
* ਇਸ ਦਿਨ ਦੇਸ਼-ਵਿਦੇਸ਼ ਵਿਚ ਵਸੇ ਭਾਰਤੀਆਂ ਵਲੋਂ 'ਧਨ-ਸੰਪਤੀ ਦੀ ਦੇਵੀ' ਕਹੀ ਜਾਂਦੀ 'ਮਾਤਾ ਲਕਸ਼ਮੀ' ਜੀ ਦੀ ਪੂਜਾ ਕੀਤੀ ਜਾਂਦੀ ਹੈ ਪਰ ਬਹੁਤ ਘੱਟ ਲੋਕ ਜਾਣਦੇ ਹਨ ਕਿ ਦੀਵਾਲੀ ਦਾ ਦਿਨ ਮਾਤਾ ਲਕਸ਼ਮੀ ਜੀ ਦਾ ਜਨਮ ਦਿਨ ਵੀ ਹੁੰਦਾ ਹੈ ਤੇ ਇਸੇ ਹੀ ਦਿਨ ਉਨ੍ਹਾਂ ਦੀ ਸ਼ਾਦੀ ਭਗਵਾਨ ਵਿਸ਼ਨੂੰ ਜੀ ਨਾਲ ਹੋਈ ਹੋਣ ਕਰਕੇ ਇਹ ਦਿਨ ਉਨ੍ਹਾਂ ਦੀ ਸ਼ਾਦੀ ਦੀ ਵਰ੍ਹੇਗੰਢ ਵੀ ਹੁੰਦਾ ਹੈ। ਇਸ ਦਿਨ ਪੱਛਮੀ ਬੰਗਾਲ ਦੇ ਵਾਸੀ ਮਾਤਾ ਲਕਸ਼ਮੀ ਦੀ ਪੂਜਾ ਕਰਨ ਦੀ ਥਾਂ ਮਾਤਾ ਦੁਰਗਾ ਜਾਂ ਕਾਲੀ ਮਾਤਾ ਦੀ ਪੂਜਾ ਕਰਦੇ ਹਨ।
* ਸਾਲ 2020 ਵਿਚ ਤਿੰਨ ਹਜ਼ਾਰ ਕਰੋੜ ਰੁਪਏ ਦੇ ਮੁੱਲ ਦੇ ਪਟਾਕੇ ਭਾਰਤ ਵਿਚ ਬਣਾਏ ਗਏ ਸਨ ਤੇ ਸਾਲ 2022 ਵਿਚ 6 ਹਜ਼ਾਰ ਕਰੋੜ ਰੁਪਏ ਦੇ ਪਟਾਕੇ ਬਣਾਏ ਤੇ ਵੇਚੇ ਗਏ ਸਨ ਪਰ ਸਾਲ 2024 ਵਿਚ ਭਾਰਤ ਅੰਦਰ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਬਣਾਏ ਗਏ ਅਤੇ ਵੇਚੇ ਗਏ ਪਟਾਕਿਆਂ ਦੀ ਅੰਦਾਜ਼ਨ ਕੀਮਤ 15 ਹਜ਼ਾਰ ਕਰੋੜ ਮੰਨੀ ਗਈ ਸੀ, ਜਿਸ ਵਿਚੋਂ 6 ਹਜ਼ਾਰ ਕਰੋੜ ਰੁਪਏ ਦੇ ਪਟਾਕੇ ਤਾਂ 'ਪਟਾਕਾ ਨਗਰੀ' ਵਜੋਂ ਜਾਣੇ ਜਾਂਦੇ ਦੱਖਣ ਭਾਰਤ ਦੇ ਸਿਵਾਕਾਸੀ ਵਿਖੇ ਬਣਾਏ ਗਏ ਸਨ ਤੇ ਉਨ੍ਹਾਂ ਦਾ ਇਹ ਉਤਪਾਦਨ ਉਸ ਤੋਂ ਪਿਛਲੇ ਵਰ੍ਹੇ ਨਾਲੋਂ ਸੱਤ ਫ਼ੀਸਦੀ ਜ਼ਿਆਦਾ ਸੀ। ਇਹ ਅੰਕੜੇ ਚੀਕ-ਚੀਕ ਕੇ ਦੱਸਦੇ ਹਨ ਕਿ ਭਾਰਤ ਦੇ ਲੋਕ ਤਿਉਹਾਰ ਮਨਾਉਣ ਦੀ ਖ਼ੁਸ਼ੀ ਵਿਚ ਪਟਾਕਿਆਂ ਨੂੰ ਅੱਗ ਲਾਉਣ ਦੇ ਨਾਲ-ਨਾਲ ਕਿਵੇਂ ਹਰ ਸਾਲ ਆਪਣੀ ਮਿਹਨਤ ਨਾਲ ਕਰੋੜਾਂ ਰੁਪਈਆਂ ਨੂੰ ਵੀ ਪਟਾਕਿਆਂ ਦੇ ਰੂਪ ਵਿਚ ਅੱਗ ਲਗਾ ਕੇ ਫੂਕ ਰਹੇ ਹਨ ਤੇ ਆਪਣੇ ਹੀ ਸਾਹ ਲੈਣ ਲਈ ਲੋੜੀਂਦੇ ਵਾਤਾਵਰਨ ਦਾ ਘਾਣ ਕਰਕੇ ਕਿਸ ਕਦਰ ਆਪਣਾ ਹੀ ਜਿਊਣਾ ਮੁਹਾਲ ਕਰ ਰਹੇ ਹਨ।





ਦੀਵਾਲੀ ਜਿਹੇ ਪਾਵਨ ਤਿਉਹਾਰ ਨੂੰ ਖ਼ੁਸ਼ੀਆਂ ਅਤੇ ਰੌਸ਼ਨੀਆ ਦਾ ਤਿਉਹਾਰ ਸਮਝ ਕੇ ਮਨਾਉਣ ਤੇ 'ਹਰੀ ਦੀਵਾਲੀ' ਮਨਾਉਣ ਲਈ ਅੱਗੇ ਆਉਣ ਚਾਹੀਦਾ ਹੈ। ਹਰੀ ਦੀਵਾਲੀ ਤੋਂ ਭਾਵ ਹੈ ਕਿ 'ਪਟਾਕਿਆਂ ਨੂੰ ਕਰੋ ਨਾਂਹ' ਤੇ ਦੀਵਾਲੀ ਮੌਕੇ ਹੋਰ ਨਵੇਂ ਬੂਟੇ ਲਗਾ ਕੇ 'ਵਾਤਾਵਰਨ ਨੂੰ ਕਹੋ ਹਾਂ'। ਸੋ, ਆਓ ਅੱਜ ਅਸੀਂ ਸਾਰੇ ਪ੍ਰਣ ਕਰੀਏ ਅਤੇ ਯਤਨ ਕਰੀਏ ਕਿ ਇਹ ਦੀਵਾਲੀ ਸਭ ਲਈ 'ਸੁਰੱਖਿਅਤ, ਹਰਿਆਵਲ ਭਰੀ ਅਤੇ ਖ਼ੁਸ਼ੀਆਂ ਭਰੀ' ਹੋਵੇ। ਇਸ ਮੌਕੇ ਪਟਾਕੇ ਚਲਾ ਕੇ ਨਾ ਤਾਂ ਪ੍ਰਦੂਸ਼ਣ ਫ਼ੈਲਾਇਆ ਜਾਵੇ ਤੇ ਨਾ ਹੀ ਪਟਾਕਿਆਂ ਦੇ ਸ਼ੋਰ ਨਾਲ ਮਰੀਜ਼ਾਂ, ਬਜ਼ੁਰਗਾਂ ਅਤੇ ਨਿੱਕੜੇ ਬੱਚਿਆਂ ਨੂੰ ਪ੍ਰੇਸ਼ਾਨ ਕੀਤਾ ਜਾਵੇ। ਇਸ ਦਿਨ ਨੂੰ ਨਫ਼ਰਤ ਭੁਲਾ ਕੇ ਪਿਆਰ ਵੰਡਣ ਅਤੇ ਨਿਰਾਸ਼ਾ ਛੱਡ ਕੇ ਆਸ ਦਾ ਦੀਪਕ ਜਗਾਉਣ ਦੇ ਰੂਪ ਵਿਚ ਮਨਾਇਆ ਜਾਵੇ ਅਤੇ ਆਪਣੇ ਨਾਲ-ਨਾਲ ਸਰਬੱਤ ਦਾ ਭਲਾ ਵੀ ਮੰਗਿਆ ਕੀਤਾ ਜਾਵੇ।



ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

*-410, ਚੰਦਰ ਨਗਰ, ਬਟਾਲਾ।*
*ਮੋਬਾਈਲ : 97816-46008*